# COVID-19 ਦੇ ਇੱਕ ਕੇਸ ਦੀ ਪੁਸ਼ਟੀ ਹੋਣ ਬਾਅਦ ਸਕੂਲ ਦੇ ਗੈਰ-ਕਾਰਜਸ਼ੀਲ (ਬੰਦ) ਹੋਣ ਤੋਂ ਬਾਅਦ ਸਾਈਟ 'ਤੇ ਮੁੜ ਸਿਖਲਾਈ ਸ਼ੁਰੂ ਹੋਣ ਸਬੰਧੀ ਮਾਪਿਆ/ਸੰਭਾਲਕਾਂ ਨੂੰ ਸਲਾਹ

First date school was non-operational
ਸਕੂਲ ਦੇ ਗੈਰ-ਕਾਰਜਸ਼ੀਲ ਹੋਣ ਦੀ ਪਹਿਲੀ ਤਾਰੀਖ

Final date school was non-operational, if more than one day
ਆਖਰੀ ਤਾਰੀਖ ਜਦੋਂ ਸਕੂਲ ਜੇ ਇੱਕ ਦਿਨ ਤੋਂ ਵੱਧ ਸਮੇਂ ਲਈ ਗੈਰ-ਕਾਰਜਸ਼ੀਲ ਹੋਇਆ ਹੋਵੇ

ਸਾਡਾ ਸਕੂਲ ਉਪਰ ਦਿਤੀਆਂ ਗਈਆਂ ਤਾਰੀਖਾਂ ਲਈ COVID-19 ਦੀ ਪੁਸ਼ਟੀ ਹੋਣ ਬਾਅਦ ਗੈਰ-ਕਾਰਜਸ਼ੀਲ ਰਿਹਾ।

ਬੰਦ ਰਹਿਣ ਸਮੇਂ ਸਕੂਲ ਨੂੰ ਬਿਹਤਰੀਨ ਤਰੀਕੇ ਨਾਲ ਸਾਫ ਕੀਤਾ ਗਿਆ ਅਤੇ ਹੇਠ ਦਿਤੀ ਗਈ ਤਾਰੀਖ ਨੂੰ ਮੁੜ ਸਾਈਟ 'ਤੇ ਸਿਖਲਾਈ ਸ਼ੁਰੂ ਹੋਵੇਗੀ।

Date for resumption of on-site learning
ਸਾਈਟ 'ਤੇ ਸਿਖਲਾਈ ਮੁੜ ਸ਼ੁਰੂ ਹੋਣ ਦੀ ਤਾਰੀਖ

NSW ਦਾ ਸਿਖਿਆ ਵਿਭਾਗ ਅਤੇ NSW ਦੀ ਸਿਹਤ ਸਾਰੇ ਵਿਦਿਆਰਥੀਆਂ ਅਤੇ ਸਟਾਫ ਦੀ ਸਿਹਤ ਅਤੇ ਸੁਰੱਖਿਆ ਕਾਇਮ ਰੱਖਣ ਲਈ ਨੇੜਿਓ ਕੰਮ ਕਰਦੇ ਰਹੇ ਹਨ। ਇਸ ਕੰਮ ਵਿੱਚ ਪੁਸ਼ਟੀ ਹੋਏ ਕੇਸਾਂ ਦੇ ਨਜ਼ਦੀਕੀ ਸੰਪਰਕਾਂ ਦੀ ਪਹਿਚਾਣ ਕਰਨੀ ਅਤੇ ਉਨ੍ਹਾਂ ਨਾਲ ਸਵੈ-ਅਲੱਗ ਹੋਣ ਦੀ ਜ਼ਰੂਰਤ ਦੇ ਸਬੰਧ ਵਿੱਚ ਉਨ੍ਹਾਂ ਨਾਲ ਸਿਧਾ ਸੰਪਰਕ ਕਰਨਾ ਸ਼ਾਮਲ ਹੈ।

ਵਿਦਿਆਰਥੀਆਂ ਅਤੇ ਸਟਾਫ ਨੂੰ ਨਜ਼ਦੀਕੀ ਸੰਪਰਕ ਵਜੋਂ ਪਛਾਣਿਆ ਗਿਆ ਹੈ ਅਤੇ ਉਨ੍ਹਾਂ ਨੂੰ ਲੋੜੀਂਦੇ ਸਮੇਂ ਲਈ ਸਵੈ-ਅਲੱਗ ਕਰਨ ਅਤੇ ਇਸ ਸਮੇਂ ਦੇ ਲੰਘ ਜਾਣ ਤੱਕ ਸਕੂਲ ਵਾਪਸ ਨਾ ਜਾਣ ਲਈ ਕਿਹਾ ਗਿਆ ਹੈ।

ਸਕੂਲ ਲਾਗ (ਇਨਫੈਕਸ਼ਨ) ਕੰਟਰੋਲ ਪ੍ਰਕਿਰਿਆਵਾਂ ਨੂੰ ਲਾਗੂ ਕਰਨ ਵਿੱਚ ਸੁਚੇਤ ਰਹੇਗਾ, ਜਿਸ ਵਿੱਚ ਆਮ ਕੂਟਨੀਤਕ (ਪ੍ਰੋਟੋਕੋਲ) ਅਨੁਸਾਰ ਰੋਜ਼ਾਨਾ ਸਫਾਈ ਦੀਆਂ ਆਦਤਾਂ ਨੂੰ ਉਤਸ਼ਾਹਿਤ ਕਰਨਾ ਅਤੇ ਸਟਾਫ ਅਤੇ ਵਿਦਿਆਰਥੀਆਂ ਨੂੰ  ਸਕੂਲ ਵਿੱਚ ਹੋਣ ਦੇ ਹਰ ਸਮੇਂ ਹੱਥ ਸੈਨੀਟਾਈਜ਼ਰ ਇਸਤੇਮਾਲ ਕਰਨ ਲਈ ਉਪਲਬਧ ਕਰਵਾਉਣਾ ਜਾਰੀ ਰੱਖੇਗਾ।

ਸਾਡੇ ਸਟਾਫ ਅਤੇ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਸਾਡੇ ਲਈ ਹਰ ਸਮੇਂ ਬਹੁਤ ਮਹੱਤਵਪੂਰਨ ਹੈ। ਅਸੀਂ ਇਹ ਯਕੀਨੀ ਬਣਾਉਣ ਲਈ NSW ਸਿਹਤ ਦੇ ਨਾਲ ਨੇੜਿਓ ਕੰਮ ਕਰਨਾ ਜਾਰੀ ਰੱਖਾਂਗੇ ਤਾਂ ਜੋ ਸਿਹਤ ਦੀਆਂ ਸਾਰੀਆਂ ਜ਼ਰੂਰੀ ਸਲਾਹਾਂ ਦੀ ਪਾਲਣਾ ਕੀਤੀ ਜਾਵੇ।

ਵਧੇਰੇ ਜਾਣਕਾਰੀ, ਜਿਸ ਵਿੱਚ COVID-19 ਸਬੰਧਤ ਅਨੁਵਾਦ ਕੀਤੀ ਗਈ ਜਾਣਕਾਰੀ ਵੀ ਹੈ NSW Health website 'ਤੇ ਉਪਲਬਧ ਹੈ।

NSW ਸਿਖਿਆ ਵਿਭਾਗ ਦੀ COVID-19 ਬਾਰੇ ਵਧੇਰੇ ਜਾਣਕਾਰੀ ਅਤੇ ਪ੍ਰਤੀਕਿਰਿਆ ਇਸ ਵੈਬਸਾਈਟ 'ਤੇ ਉਪਲਬਧ ਹੈ: https://education.nsw.gov.au/covid-19

## ਟੈਲੀਫੋਨ ਦੁਭਾਸ਼ੀਆਈ ਸੇਵਾ

ਜੇ ਤੁਹਾਨੂੰ ਵਧੇਰੇ ਜਾਣਕਾਰੀ ਦੀ ਲੋੜ ਹੈ ਕਿਰਪਾ ਕਰਕੇ  ਸਕੂਲ ਦੇ ਪ੍ਰਿੰਸੀਪਲ ਨੂੰ ਫੋਨ ਕਰੋ। ਜੇ ਤੁਹਾਨੂੰ ਆਪਣੀ ਪੁੱਛਗਿੱਛ ਵਿੱਚ ਸਹਾਇਤਾ ਲਈ ਕਿਸੇ ਦੁਭਾਸ਼ੀਏ ਦੀ ਲੋੜ ਹੈ, ਤਾਂ ਕਿਰਪਾ ਕਰਕੇ 131 450 'ਤੇ ਟੈਲੀਫੋਨ ਇੰਟਰਪ੍ਰੈਟਰ ਸੇਵਾ ਨੂੰ ਫੋਨ ਕਰਕੇ ਆਪਣੀ ਭਾਸ਼ਾ ਵਿੱਚ ਇੱਕ ਦੁਭਾਸ਼ੀਏ ਦੀ ਮੰਗ ਕਰੋ। ਅਪਰੇਟਰ ਉਹ ਫੋਨ ਨੰਬਰ ਦੱਸੋ ਜਿਸ ਨੂੰ ਤੁਸੀਂ ਫੋਨ ਕਰਨਾ ਚਾਹੁੰਦੇ ਹੋ ਅਤੇ ਅਪਰੇਟਰ ਗਲਬਾਤ ਵਿੱਚ ਤੁਹਾਡੀ ਮਦਦ ਕਰਨ ਲਈ ਇੱਕ ਦੁਭਾਸ਼ੀਏ ਨੂੰ ਲਾਈਨ 'ਤੇ ਲਿਆਵੇਗਾ। ਤੁਹਾਨੂੰ ਇਸ ਸੇਵਾ ਲਈ ਕੋਈ ਪੈਸੇ ਨਹੀਂ ਦੇਣੇ ਪੈਣਗੇ।